**ਪ੍ਰਧਾਨ ਮੰਤਰੀ ਦੀ ਜੌਰਡਨ, ਇਥੀਓਪੀਆ ਅਤੇ ਓਮਾਨ ਦੀ ਯਾਤਰਾ (15 ਤੋਂ 18 ਦਸੰਬਰ, 2025)**

11 ਦਸੰਬਰ 2025

ਮਹਾਮਹਿਮ ਸ਼ਾਹ ਅਬਦੁੱਲਾ II ਬਿਨ ਅਲ ਹੁਸੈਨ ਦੇ ਸੱਦੇ 'ਤੇ, ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 15 ਤੋਂ 16 ਦਸੰਬਰ, 2025 ਤੋਂ ਜੌਰਡਨ ਹਾਸ਼ਿਮਾਈਟ ਰਾਜ ਦਾ ਦੌਰਾ ਕਰਨਗੇ. ਇਸ ਯਾਤਰਾ ਦੌਰਾਨ ਪ੍ਰਧਾਨ ਮੰਤਰੀ ਭਾਰਤ ਅਤੇ ਜੌਰਡਨ ਦਰਮਿਆਨ ਸੰਬੰਧਾਂ ਦੀ ਸਮੁੱਚੀ ਸਮੀਖਿਆ ਕਰਨ ਅਤੇ ਖੇਤਰੀ ਮੁੱਦਿਆਂ 'ਤੇ ਦ੍ਰਿਸ਼ਟੀਕੋਣਾਂ ਦਾ ਆਦਾਨ-ਪ੍ਰਦਾਨ ਕਰਨ ਲਈ ਮਹਾਮਹਿਮ ਰਾਜਾ ਅਬਦੁੱਲਾ II ਬਿਨ ਅਲ ਹੁਸੈਨ ਨਾਲ ਮੁਲਾਕਾਤ ਕਰਨਗੇ। ਇਹ ਯਾਤਰਾ, ਦੋਵਾਂ ਦੇਸ਼ਾਂ ਦੇ ਵਿਚਕਾਰ ਕੂਟਨੀਤਿਕ ਸੰਬੰਧਾਂ ਦੀ ਸਥਾਪਨਾ ਦੀ 75ਵੀਂ ਵਰ੍ਹੇਗੰਢ ਦੇ ਮੌਕੇ 'ਤੇ ਹੋ ਰਹੀ ਹੈ, ਇਹ ਯਾਤਰਾ ਭਾਰਤ-ਜੌਰਡਨ ਦੁਵੱਲੀ ਸ਼ਮੂਲੀਅਤ ਨੂੰ ਹੋਰ ਮਜ਼ਬੂਤ ਕਰਨ, ਆਪਸੀ ਵਿਕਾਸ ਅਤੇ ਖੁਸ਼ਹਾਲੀ ਲਈ ਸਹਿਯੋਗ ਦੇ ਨਵੇਂ ਤਰੀਕਿਆਂ ਦੀ ਖੋਜ ਕਰਨ ਅਤੇ ਖੇਤਰੀ ਸ਼ਾਂਤੀ, ਖੁਸ਼ਹਾਲੀ, ਸੁਰੱਖਿਆ ਅਤੇ ਸਥਿਰਤਾ ਨੂੰ ਵਧਾਵਾ ਦੇਣ ਦੀ ਵਚਨਬੱਧਤਾ ਨੂੰ ਦੁਹਰਾਉਣ ਦਾ ਮੌਕਾ ਪ੍ਰਦਾਨ ਕਰਦੀ ਹੈ.

2. ਯਾਤਰਾ ਦੇ ਦੂਜੇ ਪੜਾਅ ਵਿੱਚ, ਇਥੀਓਪੀਆ ਦੇ ਪ੍ਰਧਾਨ ਮੰਤਰੀ, ਮਹਾਮਹਿਮ ਡਾ. ਅਬੀ ਅਹਿਮਦ ਅਲੀ ਦੇ ਸੱਦੇ 'ਤੇ, ਪ੍ਰਧਾਨ ਮੰਤਰੀ 16 ਤੋਂ 17 ਦਸੰਬਰ, 2025 ਨੂੰ ਇਥੀਓਪੀਆ ਦੇ ਸੰਘੀ ਲੋਕਤੰਤਰੀ ਗਣਰਾਜ ਦੀ ਰਾਜਕੀ ਯਾਤਰਾ ਕਰਨਗੇ. ਇਹ ਪ੍ਰਧਾਨ ਮੰਤਰੀ ਮੋਦੀ ਦੀ ਇਥੀਓਪੀਆ ਦੀ ਪਹਿਲੀ ਯਾਤਰਾ ਹੋਵੇਗੀ। ਉਹ ਭਾਰਤ - ਇਥੀਓਪੀਆ ਦੁਵੱਲੇ ਸਬੰਧਾਂ ਦੇ ਸਾਰੇ ਪਹਿਲੂਆਂ 'ਤੇ ਪ੍ਰਧਾਨ ਮੰਤਰੀ ਡਾ. ਅਬੀ ਅਹਿਮਦ ਅਲੀ ਨਾਲ ਵਿਆਪਕ ਚਰਚਾਵਾਂ ਕਰਨਗੇ। ਗਲੋਬਲ ਸਾਊਥ ਵਿੱਚ ਭਾਗੀਦਾਰ ਦੇ ਰੂਪ ਵਿੱਚ, ਇਹ ਯਾਤਰਾ ਦੋਵਾਂ ਦੇਸ਼ਾਂ ਦੀ ਮਿੱਤਰਤਾ ਅਤੇ ਦੁਵੱਲੇ ਸਹਿਯੋਗ ਦੇ ਨੇੜਲੇ ਸਬੰਧਾਂ ਨੂੰ ਅੱਗੇ ਵਧਾਉਣ ਲਈ ਸਾਂਝੀ ਵਚਨਬੱਧਤਾ ਨੂੰ ਦੁਹਰਾਏਗੀ।

3. ਆਪਣੀ ਯਾਤਰਾ ਦੇ ਅੰਤਿਮ ਪੜਾਅ ਵਿੱਚ, ਓਮਾਨ ਦੇ ਮਹਾਮਹਿਮ ਸੁਲਤਾਨ ਹੈਥਮ ਬਿਨ ਤਾਰਿਕ ਦੇ ਸੱਦੇ 'ਤੇ, ਪ੍ਰਧਾਨ ਮੰਤਰੀ 17 ਤੋਂ 18 ਦਸੰਬਰ 2025 ਤੱਕ ਓਮਾਨ ਸਲਤਨਤ ਦਾ ਦੌਰਾ ਕਰਨਗੇ. ਇਹ ਪ੍ਰਧਾਨ ਮੰਤਰੀ ਮੋਦੀ ਦੀ ਓਮਾਨ ਦੀ ਦੂਜੀ ਯਾਤਰਾ ਹੋਵੇਗੀ। ਭਾਰਤ ਅਤੇ ਓਮਾਨ ਸ਼ਤਾਬਦੀਆਂ ਪੁਰਾਣੀ ਦੋਸਤੀ, ਵਪਾਰ ਸੰਬੰਧਾਂ ਅਤੇ ਲੋਕਾਂ ਵਿਚਕਾਰ ਦੇ ਆਪਸੀ ਮਜ਼ਬੂਤ ਰਿਸ਼ਤਿਆਂ 'ਤੇ ਅਧਾਰਿਤ ਇੱਕ ਸਰਵ ਵਿਆਪਕ ਰਣਨੀਤਿਕ ਸਾਂਝੇਦਾਰੀ ਸਾਂਝੀ ਕਰਦੇ ਹਨ। ਯਾਤਰਾ ਦੋਵਾਂ ਦੇਸ਼ਾਂ ਦੇ ਵਿਚਕਾਰ ਕੂਟਨੀਤਿਕ ਸਬੰਧਾਂ ਦੀ ਸਥਾਪਨਾ ਦੇ 70ਸਾਲ ਪੂਰੇ ਹੋਣ ਦੇ ਮੌਕੇ 'ਤੇ ਹੋਵੇਗੀ, ਅਤੇ ਦਸੰਬਰ 2023 ਵਿੱਚ ਓਮਾਨ ਦੇ ਮਹਾਮਹਿਮ ਸੁਲਤਾਨ ਦੀ ਭਾਰਤ ਦੀ ਰਾਜਕੀ ਯਾਤਰਾ ਤੋਂ ਬਾਅਦ ਹੋ ਰਹੀ ਹੈ. ਇਹ ਯਾਤਰਾ ਦੋਹਾਂ ਧਿਰਾਂ ਲਈ ਵਪਾਰ, ਨਿਵੇਸ਼, ਊਰਜਾ, ਰੱਖਿਆ, ਸੁਰੱਖਿਆ, ਤਕਨਾਲੋਜੀ, ਖੇਤੀਬਾੜੀ ਅਤੇ ਸੱਭਿਆਚਾਰ ਦੇ ਖੇਤਰਾਂ ਵਿੱਚ ਦੁਵੱਲੀ ਸਾਂਝੇਦਾਰੀ ਦੀ ਵਿਆਪਕ ਸਮੀਖਿਆ ਕਰਨ ਦੇ ਨਾਲ-ਨਾਲ ਆਪਸੀ ਹਿੱਤਾਂ ਦੇ ਖੇਤਰੀ ਅਤੇ ਗਲੋਬਲ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦਾ ਇੱਕ ਮੌਕਾ ਦੇਵੇਗੀ।

ਨਵੀਂ ਦਿੱਲੀ

11 ਦਸੰਬਰ 2025